ੴ ਵਾਹਿਗੁਰੂ ਜੀ ਕੀ ਫਤਹਿ॥
(God is one all glory to Him)

# ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)

E-General Body Meeting
Sunday 11th June 2023
At 1430 hrs

dy meeting
Sunday 09th October 2022 at 3.00pm


**THE NATIONAL SIKH RESOURCE CENTRE**
8-10 FEATHERSTONE ROAD, SOUTHALL, MIDDLESEX, UB2 5AA
T: 020 8574 1902
E: info@sikhmissionarysociety.org
www. sikhmissionarysociety.org

## ਸਿੱਖ ਮਿਸ਼ਨਰੀ ਸੁਸਾਇਟੀ ਦੀ ਈ ਜੀ ਐਮ ਮੀਟਿੰਗ ਵਿੱਚ ਆਉਣ ਲਈ ਸੱਦਾ ਪੱਤਰ।

ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ। ਜਿਸ ਤਰਾਂ ਆਪ ਜੀ ਨੂੰ ਪਤਾ ਹੀ ਹੈ ਕਿ ੯ ਅਕਤੂਬਰ ੨੦੨੨ ਵਾਲੀ ਪਿਛਲੀ ਏ ਜੀ ਐਮ ਜਨਰਲ ਬਾਡੀ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਸੀ ਕਿ ਅਸੀ ਜਲਦੀ ਹੀ ਇੱਕ ਈ ਜੀ ਐਮ ਸੱਦਾਂਗੇ ਜਿਸ ਵਿੱਚ ਜਨਰਲ ਸਕੱਤਰ ਦੀ ੯ ਅਕਤੂਬਰ ੨੦੨੨ ਵਾਲੀ ਰਿਪੋਰਟ ਨੂੰ ਵਾਪਿਸ ਲੈਂਦਿਆਂ ਹੋਇਆਂ ਜਨਰਲ ਸਕੱਤਰ ਦੀ ਪਹਿਲੀ ਹੀ ਰੀਪੋਰਟ ਨੂੰ ਅਤੇ ਸੰਵਿਧਾਨ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਕੇ ਮੈਂਬਰ ਸਾਹਿਬਾਨ ਦੇ ਸਨਮੁਖ ਰੱਖਾਂਗੇ । ਸੋ ਅਸੀ ਆਪਣੇ ਵਾਅਦੇ ਅਨੁਸਾਰ ਇਹ ਦੋਵੇਂ ਹੀ (ਰੀਪੋਰਟ ਅਤੇ ਤਰਮੀਮਾਂ ਵਾਲਾ ਸੰਵਿਧਾਨ ) ਸਿੱਖ ਮਿਸ਼ਨਰੀ ਦੀ ਵੈਬਸਾਈਟ ਉੱਤੇ ਪਾ ਦਿੱਤੇ ਹਨ ਤਾਂ ਕਿ ਸਾਰੇ ਮੈਂਬਰ ਸਾਹਿਬਾਨ ਇਹਨਾਂ ਨੂੰ ਪੜ੍ਹ ਕੇ ਵਿਚਾਰ ਕਰ ਸਕਦੇ ਹਨ। ਇਹਨਾਂ ਦੀਆਂ ਛਪੀਆਂ ਹੋਈਆਂ ਕਾਪੀਆਂ ਵੀ ਸਿੱਖ ਮਿਸ਼ਨਰੀ ਦੇ ਦਫ਼ਤਰ ਵਿੱਚੋਂ ਮੀਟਿੰਗ ਦੌਰਾਨ ਅਤੇ ਮੀਟਿੰਗ ਤੋਂ ਇੱਕ ਹਫ਼ਤਾ ਪਹਿਲਾਂ ਮਿਲ ਸਕਦੀਆਂ ਹਨ। ਇਹ ਈ ਜੀ ਐਮ 11 ਜੂਨ ੨੦੨੩ (11th June 2023) ਐਤਵਾਰ ਨੂੰ ਸਿੱਖ ਮਿਸ਼ਨਰੀ ਸੁਸਾਇਟੀ ਦੇ ਮਾਤਾ ਸਾਹਿਬ ਕੌਰ ਹਾਲ ਵਿੱਚ 2.30pm ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿੱਚ ਹੋਵੇਗੀ। ਮੀਟਿੰਗ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ।

੧.ਨਵੇਂ ਸੀਲੈਕਟ ਕੀਤੇ ਟਰਸਟੀ
੨.ਜਨਰਲ ਸੈਕਟਰੀ ਰੀਪੋਰਟ
੩.ਖ਼ਜ਼ਾਨਚੀ ਦੀ ਰੀਪੋਰਟ
੪.ਸੰਵਿਧਾਨ ਵਿੱਚ ਕੀਤੀਆਂ ਸੋਧਾਂ
੫.ਫੁੱਟਕਲ

ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬਾਨ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਪਿਛਲੀ ਮੀਟਿੰਗ ਤੋਂ ਬਾਅਦ ਬਿਲਡਿੰਗ ਦਾ ਕੰਮ ਲਿਫ਼ਟ ਸਮੇਤ ਤਕਰੀਬਨ ਖਤਮ ਹੋ ਗਿਆ ਹੈ ਅਤੇ ਇਸ ਕੰਮ ਦਾ ਖ਼ਰਚਾ ਤਕਰੀਬਨ £40000.00 ਦੇ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕੁਝ ਮੈਂਬਰ ਸਾਹਿਬਾਨ ਤੋਂ ਜੋ £85000.00 ਬਿਲਡਿੰਗ ਬਣਾਉਣ ਲਈ ਕਰਜ਼ਾ ਲਿਆ ਸੀ ਉਹ ਵੀ ਆਪ ਸੰਗਤਾਂ ਦੇ ਸਹਿਯੋਗ ਸਦਕਾ ਉਹਨਾਂ ਮੈਂਬਰ ਸਾਹਿਬਾਨਾਂ ਨੂੰ ਧੰਨਵਾਦ ਸਹਿਤ ਵਾਪਿਸ ਕਰ ਦਿੱਤਾ ਗਿਆ ਹੈ।

ਧੰਨਵਾਦ ਸਹਿਤ

ਅਵਤਾਰ ਸਿੰਘ ਬੁੱਟਰ
ਜਨਰਲ ਸਕੱਤਰ

## Report of September 2021

**AGM** ਦੀ ਮੀਟਿੰਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਤੋ ਬਾਅਦ 25 ਸਤੰਬਰ 2021 ਨੂੰ **3:15pm** ਤੇ ਸ਼ੁਰੂ ਹੋਈ। ਸਰਦਾਰ ਹਰਚਰਨ ਸਿੰਘ ਟੌਂਕ ਨੇ ਆਏ ਹਾਜ਼ਰ ਮੈਂਬਰ ਸਾਹਿਬਾਨ ਦਾ ਮੀਟਿੰਗ ਵਿੱਚ ਹਾਜ਼ਰ ਹੋਣ ਤੇ ਧੰਨਵਾਦ ਕੀਤਾ ਅਤੇ ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ. ਜਸਬੀਰ ਸਿੰਘ ਘੁੰਮਣ ਨੂੰ ਦੇ ਦਿੱਤੀ।ਸ. ਜਸਬੀਰ ਸਿੰਘ ਨੇ ਕਿਹਾ ਕਿ ਕਿਉਂਕਿ ਉਹ ਟਰਸਟੀ ਸਾਹਿਬਾਨ ਦੇ ਚੇਅਰਮੈਨ ਹਨ ਇਸ ਕਰਕੇ ਉਹ ਇਸ ਮੀਟਿੰਗ ਦੀ ਸੇਵਾ ਉਹ ਕਰਨਗੇ ਅਤੇ ਉਨ੍ਹਾਂ ਨੇ ਵੀ ਆਏ ਹੋਏ ਸਾਰੇ ਮੈਂਬਰਾ ਦਾ ਧੰਨਵਾਦ ਕੀਤਾ। ਇਸ ਮੀਟਿੰਗ ਤੋਂ ਪਹਿਲਾ ਨਵੇ ਹਾਲ ਦੇ ਓਦਘਾਟਨੀ ਸਮਰੋਹ ਲਈ ਬਰਿਟਿਸ਼ ਪਾਰਲੀਮੈਂਟ ਵਿੱਚ ਸਿੱਖੀ ਦੀ ਪਹਿਚਾਨ ਸਲੋਅ ਤੋ ਮੈਂਬਰ ਪਾਰਲੀਮੈਂਟ **Hon'** ਤਨਮਨਜੀਤ ਸਿੰਘ ਢੇਸੀ ਵਿਸ਼ੇਸ਼ ਤੌਰ ਤੇ ਪਹੁੰਚੇ ਸਨ।

**<u>Apologies</u> ਤੋ ਬਾਅਦ ਸਿੱਖ ਚੈਨਲ ਦੇ Executive Officer ਸਰਦਾਰ ਗੁਰਦੀਪ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਉਨ੍ਹਾਂ ਲਈ ਸੋਕ ਮਤਾ ਪਾਸ ਕੀਤਾ ਗਿਆ। ਸਭ ਤੋ ਪਹਿਲਾਂ ਪਿਛਲੀ ਮੀਟਿਗ (2019) ਦੀ ਰਿਪੋਰਟ ਦੇ ਮਿੰਟਸ ਕਿਸੇ ਵੀ ਇਤਰਾਜ਼ ਤੋ ਬਗੈਰ ਸਰਬ ਸੰਮਤੀ ਨਾਲ ਪਾਸ ਹੋ ਗਏ। ਉਸ ਤੋ ਬਾਅਦ ਸਰਦਾਰ ਹਰਚਰਨ ਸਿੰਘ ਟੌਂਕ (ਜਨਰਲ ਸਕੱਤਰ) ਤੇ ਖਜਾਨਚੀ ਦੀ ਰਿਪੋਰਟ ਵੀ ਸਰਬ ਸੰਮਤੀ ਨਾਲ ਪਾਸ ਹੋ ਗਈ। ਸਾਰੇ ਹੀ ਉਮੀਦਵਾਰਾਂ ਨੇ ਟਰਸਟੀ ਸਾਹਿਬਾਨ ਨੂੰ ਉਮੀਦਵਾਰ ਚੁਣਨ ਦੇ ਅਧਿਕਾਰ ਦਿੱਤੇ ਸਨ ਅਤੇ ਉਸ ਦੇ ਮੱਦੇ ਨਜ਼ਰ ਜਸਬੀਰ ਸਿੰਘ ਨੇ ਉਮੀਦਵਾਰਾਂ ਦੇ ਨਾਮ ਪੜ੍ਹ ਕੇ ਅਤੇ ਟੱਰਸਟੀਆਂ ਦੇ ਫੈਸਲੇ ਅਨੁਸਾਰ ਪਰਚੀਆਂ ਨਾਂ ਪਾਉਣ ਦੀ ਰੀਤ ਤੋ ਬਗੈਰ ਹੀ ਹੇਠ ਲਿਖੇ ਪਤਵੰਤੇ ਸੱਜਣਾਂ ਨੂੰ ਸੇਵਾ ਬਖਸ਼ੀ। ਜਸਬੀਰ ਸਿੰਘ ਦੇ ਇਸ ਫੈਸਲੇ ਤੇ ਕਈ ਮੈਬਰ ਸਾਹਿਬਾਨ ਨੇ ਆਪਣੇ ਆਪਣੇ ਕਿੰਤੂ ਪਰੰਤੂ ਵੀ ਊਠਾਏ**

**ਉਮੀਦ ਵਾਰਾਂ ਦੇ ਨਾਮ**

**ਜਨਰਲ ਸਕੱਤਰ-**

**ਸ੍. ਹਰਚਰਨ ਸਿੰਘ ਟੋਕ,**

**ਸ੍ ਬਹਾਦਰ ਸਿੰਘ,**

**ਅਵਤਾਰ ਸਿੰਘ ਬੁੱਟਰ**

**ਸੀਲੈਕਟਡ ਜਨਰਲ ਸਕੱਤਰ- ਅਵਤਾਰ ਸਿੰਘ ਬੁੱਟਰ**

**ਅਸਸਿਟੈਟ ਜਨਰਲ ਸਕੱਤਰ-ਬਚਿੱਤਰ ਸਿੰਘ ਸੱਗੀ, ਗੁਰਬਚਨ ਸਿੰਘ ਅਠਵਾਲ**

**ਟਰਸਟ ਵੱਲੋ ਸੀਲੈਕਟਡ- ਗੁਰਬਚਨ ਸਿੰਘ ਅਠਵਾਲ**

**ਖਜਾਨਚੀ - ਬਲਦੇਵ ਸਿੰਘ ਭੰਮਰਾ-(ਸੀਲੈਕਟਡ)**

**ਰਿਸੋਰਸ ਸੈਕਟਰੀ - ਤੇਜਾ ਸਿੰਘ ਮਾਂਗਟ, ਹਰਬੰਸ ਸਿੰਘ ਕੁਲਾਰ**

**ਸੀਲੈਕਟਡ- ਹਰਬੰਸ ਸਿੰਘ ਕੁਲਾਰ।**

ਪੜ੍ਹਾਈ (Education) ਸਕੱਤਰ- ਅੰਮ੍ਰਿਤਪਾਲ ਸਿੰਘ- ਸੀਲੈਕਟਡ।

ਇਹਨਾਂ ਸੀਲੈਕਸ਼ਨਾ ਤੇ ਵੀ ਕੁਝ ਮੈਂਬਰ ਸਾਹਿਬਾਨ ਵੱਲੋ ਟਿੱਪਣੀਆਂ ਕੀਤੀਆਂ ਗਈਆਂ। ਇਸ ਤੋ ਬਾਅਦ ਅੰਦਰੂਨੀ ਆਡੀਟਰ ਦੀ ਸੇਵਾ ਹੇਠ ਲਿਖੇ ਮੈਬਰਾਂ ਨੂੰ ਬਖਸ਼ੀ ਗਈ।

1- ਸ੍ ਲਾਲ ਸਿੰਘ

2. ਸ੍ ਜੈ ਸਿੰਘ ਧੂਤ

Dispute Committee Selection

1. ਸ੍ ਸੁਰਿੰਦਰ ਸਿੰਘ ਪੁਰੇਵਾਲ

2. ਸ੍ ਅਮਰਜੀਤ ਸਿੰਘ ਢਿੱਲੋ

3. ਸ੍ ਸਵਰਨ ਸਿੰਘ ਕੰਗ

4. ਸ੍ ਗੁਰਦੀਪ ਸਿੰਘ ਬਿੰਦ

ਇਹ ਸਾਰੇ ਹੀ ਸੱਜਣ ਸੀਲੈਕਟ ਕਰ ਲਏ ਗਏ।

**Open Apology**

ਸਰਦਾਰ ਮੇਹਰਬਾਨ ਸਿੰਘ ਤੇ ਸਿਰਘੇਰੀ ਤੇ ਕੁਝ ਮੈਬਰਾਂ ਦੀ ਮਰਜ਼ੀ ਤੋਂ ਬਗੈਰ ਕੁਝ ਫਾਰਮਾਂ ਤੇ ਨਾਮ ਤੇ ਐਡਰੈੱਸ ਭਰੇ ਗਏ ਸਨ ਜੋ ਕਿ ਸੰਵਿਧਾਨ ਦੀ ਉਲੰਘਣਾ ਸੀ ਇਸ ਬਾਰੇ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ। ਮੇਹਰਬਾਨ ਸਿੰਘ ਸਿਰਘੇਰੀ ਨੇ ਸਟੇਜ ਤੇ ਖੜੇ ਹੋ ਕੇ ਇਹ ਆਖਿਆ ਕਿ ਉਹ ਉਨ੍ਹਾਂ ਨੂੰ ਸੁਸਾਇਟੀ ਵੱਲੋਂ Potential allegation breach of trust ਦੀ ਚਿੱਠੀ ਮਿਲੀ ਹੈ। ਉਹ ਆਪਣੀ ਇਸ ਗਲਤੀ ਨੂੰ ਸਵੀਕਾਰਦੇ ਹੋਏ ਖਿਮਾਂ ਦੇ ਜਾਚਕ ਹਨ[ ਪ੍ਰਧਾਨਗੀ ਕਰ ਰਹੇ ਜਸਬੀਰ ਸਿੰਘ ਘੁੰਮਣ ਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਪਰ ਸ੍ਰ. ਹਰਬੰਸ ਸਿੰਘ ਕੁਲਾਰ, ਬਚਿੱਤਰ ਸਿੰਘ ਸੱਗੀ, ਚੰਚਲ ਸਿੰਘ ਧਾਲੀਵਾਲ, ਤੇਜਾ ਸਿੰਘ ਮਾਂਗਟ ਤੇ ਹੋਰ ਸੱਜਣਾਂ ਨੇ ਘੁੰਮਣ ਜੀ ਨੂੰ ਕਿਹਾ ਕਿ ਮਿਹਰਬਾਨ ਸਿੰਘ ਨੂੰ ਸੰਗਤ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਤੇ ਨਾ ਹੀ ਮੇਹਰਬਾਨ ਸਿੰਘ ਨੇ ਗੌਰ ਕੀਤਾ।ਜਸਬੀਰ ਸਿੰਘ ਨੇ ਕਿਹਾ ਕਿ ਸ੍ਰ. ਖੇਮ ਸਿੰਘ ਅਤੇ ਬਲਪ੍ਰੀਤ ਕੌਰ ਨੂੰ ਪਹਿਲਾਂਹੀ ਮੁਆਫ਼ੀ ਦਿੱਤੀ ਜਾ ਚੁੱਕੀ ਹੈ।

Approval of one year for trustees-

ਕਰੋਨਾ ਕਰਕੇ ਅਤੇ ਟਰਸਟੀ ਤੇ ਕਮੇਟੀ ਦੀ ਹਰੇਕ ਸਾਲ ਦੀ ਚੋਣ ਨੂੰ ਮੱਦੇ ਨਜ਼ਰ ਰੱਖਦੇ ਹੋਏ ਟਰੱਸਟੀਆਂ ਦੀ ਮਿਆਦ ਇੱਕ ਸਾਲ ਹੋਰ ਵਧਾ ਦਿੱਤੀ ਗਈ ਜੋ ਸਰਬ ਸੰਮਤੀ ਨਾਲ ਪਾਸ ਕਰ ਦਿੱਤੀ ਗਈ।

**Loan Approved** - ਇਸ ਮੁਦੇ ਤੇ ਕਿਹਾ ਗਿਆ ਕਿ ਸੁਸਾਇਟੀ ਬੈਂਕ ਤੋਂ ਲੋਨ ਲੈ ਸਕਦੀ ਹੈ।

**AOB-** ਈਰਥ ਤੋਂ ਆਏ ਸ: ਗੁਰਜੀਤ ਸਿੰਘ ਨੇ ਕਿਤਾਬਾਂ ਦੀ ਚੋਣ ਵਿੱਚ ਤਬਦੀਲੀ ਅਤੇ ਸਿੱਖ ਮਿਸ਼ਨਰੀ ਦੀਆਂ ਕਿਤਾਬਾਂ ਵਿੱਚ Updating & Editing ਦੀ ਜ਼ਰੂਰਤ ਤੋਂ ਜਾਣੂ ਕਰਵਾਇਆ ਜਿਸ ਦੇ ਜਵਾਬ ਵਿੱਚ ਕਿਹਾ ਗਿਆ ਕਿ ਵਿਚਾਰ ਕਮੇਟੀ ਇਸ ਤੇ ਵਿਚਾਰ ਕਰਕੇ ਜੁਆਬ ਦੇਵੇਗੀ। ਜਸਬੀਰ ਸਿੰਘ ਘੁੰਮਣ ਨੇ ਇਥੇ ਹੀ ਮੀਟੰਗ ਦੀ ਸਮਾਪਤੀ ਕਰ ਦਿੱਤੀ ਅਤੇ ਅਖੀਰ ਵਿੱਚ ਸਰਦਾਰ ਹਰਚਰਨ ਸਿੰਘ ਟੌਂਕ ਅਤੇ ਸਰਦਾਰ ਅਵਤਾਰ ਸਿੰਘ ਬੁੱਟਰ ਨੇ ਅਏ ਮੈਂਬਰ ਸਹਿਬਾਨ ਦਾ ਧੰਨਵਾਦ ਕੀਤਾ।

ਇਸ ਤੋਂ ਬਾਅਦ ਅਰਦਾਸ ਕਰਕੇ ਦੇਗ ਵਰਤਾਈ ਗਈ ਅਤੇ ਚਾਹ ਪਾਣੀ ਨਾਲ ਆਏ ਸਾਰੇ ਮੈਂਬਰ ਸਾਹਿਬਾਨ ਦੀ ਸੇਵਾ ਕੀਤੀ ਗਈ।

# ਜਨਰਲ ਸਕੱਤਰ ਰਪੋਿਰਟ ਸਾਲ 2021_2022

ਸਤਕਿਾਰਯੋਗ ਮੈਬਰ ਸਾਹਿਬਾਨ ਜੀਉ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਦਾਸ ਸਾਰੇ ਐਕਜੈਕਟਵਿ ਕਮੇਟੀ ਮੈਬਰ ਸਾਹਿਬਾਨ ਦਾ ਸੁਆਗਤ ਕਰਦਾ ਹੈ ਜਿਨਾ ਨੇ ਇਸ ਸਾਲ ਸੁਸਾਇਟੀ ਦੇ ਕੰਮਾ ਵਿੱਚ ਆਪਣਾ ਯੋਗਦਾਨ ਪਾਇਆ
ਇਸ ਸਾਲ ਹੋਈਆ ਮੀਟਿੰਗਾ ਦਾ ਵੇਰਵਾ

| ਸ਼ਾਮਿਲ ਮੈਬਰ | ਹਾਜਰੀ | ਖਿਮਾ |
|---|---|---|
| ਜਨਰਲ ਸਕੱਤਰ ਅਵਤਾਰ ਸਿੰਘ ਬੁੱਟਰ | 5 | 0 |
| ਸਹਾਇਕ ਸਕਤਰ ਗੁਰਬਚਨ ਸਿੰਘ ਅਠਵਾਲ | 5 | 0 |
| ਖਜਾਨਚੀ ਬਲਦੇਵ ਸਿੰਘ ਭਮਰਾ | 5 | 0 |
| ਰਿਸੋਰਸ ਸੈਕਟਰੀ ਹਰਬੰਸ ਸਿੰਘ ਕੁਲਾਰ | 4 | 1 |
| ਵਿਦਿਅਕ ਸੈਕਟਰੀ ਅੰਮ੍ਰਿਤਪਾਲ ਸਿੰਘ | 3 | 2 |
| ਜਸਵੰਤ ਸਿੰਘ | 2 | 3 |
| ਬਹਾਦਰ ਸਿੰਘ | 3 | 2 |
| ਬਚਿਤਰ ਸਿੰਘ ਸੱਗੀ | 5 | 0 |
| ਮਹਿੰਦਰ ਸਿੰਘ ਗਰੇਵਾਲ | 3 | 2 |
| ਕੁਲਵੰਤ ਸਿੰਘ ਕਲਸੀ | 3 | 2 |
| ਪ੍ਰਮਪ੍ਰੀਤ ਸਿੰਘ | 2 | 3 |

ਧਾਰਮਿਕ ਕਾਰਜ

ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਅਨੰਦ ਕਾਰਜ (ਸਿਵਿਲ ਮੈਰਿਜ ਜਿਸ ਲਈ ਗੋਰਮਿੰਟ ਵੱਲੋ ਰਜਿਸਟਰ ਕਰਨ ਦੀ ਮਨਜੂਰੀ ਹੈ) ਆਪ ਇਹ ਧਾਰਮਿਕ ਕਾਰਜ ਉਪਰ ਬਣੇ ਏਅਰ ਕੰਡੀਸ਼ਨ ਹਾਲ ਵਿੱਚ ਕਰਵਾ ਸਕਦੇ ਹੋ ਅਤੇ ਹੋ ਰਹੇ ਹਨ ਜਿਸ ਨਾਲ ਸੰਗਤਾਂ ਨੂੰ ਬਹੁਤ ਸਹੂਲਤ ਪ੍ਦਾਨ ਹੁੰਦੀ ਹੈ ਹੇਠ ਲਿਖੇ ਪ੍ਰੋਗਰਾਮ ਉਪਰਾਲੇ ਹਾਲ ਵਿੱਚ ਹੋਏ ਹਨ ।

| | |
|---|---|
| ਅਖੰਡ ਪਾਠ ਹਾਲ ਵਿੱਚ | 7 |
| ਅਖੰਡ ਪਾਠ ਘਰ ਵਿੱਚ | 11 |
| ਅਨੰਦ ਕਾਰਜ | 4 |
| ਸਿਰਫ਼ ਕੀਰਤਨ ਘਰ ਵਿੱਚ | 3 |
| ਸਹਿਜ ਪਾਠ ਦੇ ਭੋਗ | 3 |
| ਸਹਜਿ ਪਾਠ ਹਾਲ ਵਿੱਚ | 1 |
| ਸੁਖਮਨੀ ਸਾਹਿਬ ਦੇ ਪਾਠ ਹਾਲ ਵਿੱਚ | 96 |
| ਸੁਖਮਨੀ ਸਾਹਿਬ ਦੇ ਪਾਠ ਘਰ ਵਿੱਚ | 35 |

## ਰਿਸੋਰਸ ਸੈਂਟਰ

ਸਿੱਖ ਮਿਸ਼ਨਰੀ ਸੋਸਾਇਟੀ ਦੀਆਂ ਕੀਤੀਆਂ ਹੋਈਆਂ ਪਬਲੀਕੇਸ਼ਨਜ਼ ਕਿਤਾਬਾਂ ਬਹੁਤ ਤਦਾਦ ਵਿੱਚ ਲੋਕਾ ਨੂੰ ਵੰਡੀਆਂ ਗਈਆਂ ਅਤੇ ਨਵੇਂ ਹਾਲ ਵਿੱਚ ਕਾਫ਼ੀ ਪ੍ਰੋਗਰਾਮ ਹੋਣ ਕਰਕੇ ਸੰਗਤਾਂ ਵਿੱਚ ਕਿਤਾਬਾਂ ਨੂੰ ਖੁੱਲ ਕੇ ਘਰ ਲੈ ਜਾਣ ਦੀਆਂ ਬੇਨਤੀਆਂ ਕੀਤੀਆਂ ਗਈਆਂ ਜਿਸ ਤੇ ਸੰਗਤਾਂ ਵੱਲੋ ਭਰਪੂਰ ਹੁੰਗਾਰਾ ਭਰਿਆ ਗਿਆ ਅਤੇ ਲਿਟਰੇਚਰ ਲਿਜਾਣ ਕਰਕੇ ਹੋਰ ਲਿਟਰੇਚਰ ਛਪਵਾਉਣ ਲਈ ਸੰਗਤਾਂ ਨੇ ਦਿਲ ਖੋਲ ਕੇ ਸੁਸਾਇਟੀ ਵਿੱਚ ਆਪਣਾ ਮਾਇਕ ਹਿੱਸਾ ਪਾਇਆ। ਸਮੁੰਦਰੀ ਰਸਤੇ ਆਉਣ ਵਾਲੇ ਤਕਰੀਬਨ, £10,000 ਦੇ ਆਰਡਰ ਤੋਂ ਬਗੈਰ ਸਪੈਸ਼ਲ ਆਰਡਰ ਤੇ ਸੈਚੀਆਂ, ਰਹਿਤ ਮਰਿਆਦਾ ਦਿਆਂ ਕਾਪੀਆਂ ਤੇ ਹੋਰ ਲਟਿਰੇਚਰ ਹਵਾਈ ਰਸਤੇ ਵੀ ਮੰਗਵਾਇਆਂ ਗਿਆ। ਇਸ ਤੋਂ ਇਲਾਵਾ ਲੋਕਲ ਕਿਤਾਬਾਂ ਵੀ ਲੋੜ ਅਨੁਸਾਰ ਖਰੀਦਿਆਂ ਗਈਆਂ। ਸਭਾ ਦੇ ਮੈਬਰ ਜਸਵੰਤ ਸਿੰਘ ਜੀ ਸਨਿੱਚਰ ਅਤੇ ਐਤਵਾਰ ਲਗਾਤਾਰ ਰਿਸੋਰਸਿਸ ਸੈਟਰ ਵਿੱਚ ਸੇਵਾ ਨਿਭਾ ਰਹੇ ਹਨ ਇਸ ਲਈ ਇਹਨਾਂ ਦਾ ਸਾਰੀ ਐਕਜੇਕਟਿਵ ਕਮੇਟੀ ਦੀ ਤਰਫੋ ਸਪੈਸ਼ਲ ਧੰਨਵਾਦ ਜਾਂਦਾ ਕੀਤਾ ਹੈ।

## ਧਾਰਮਿਕ ਪ੍ਰੋਗਰਾਮ

ਗੁਰੂ ਦੀ ਕਿਰਪਾ ਨਾਲ, ਨਵੇ ਏਅਰ ਕੰਡੀਸ਼ਨਰ ਹਾਲ ਦੀ ਖਿੱਚ ਅਤੇ ਭਾਈ ਬਲਵਿੰਦਰ ਸਿੰਘ ਦੀਆਂ ਕੋਸਿਸ਼ਾਂ ਸਦਕਾ ਸੁਸਾਇਟੀ ਵਿੱਚ ਕਾਫ਼ੀ ਪ੍ਰੋਗਰਾਮ ਹੋਣ ਲੱਗ ਪਏ ਹਨ। ਦਾਸ ਇਹਨਾਂ ਸਾਰੇ ਪ੍ਰੋਗਰਾਮਾਂ ਤੇ ਆਏ ਸਾਰੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਲਿਟਰੇਚਰ ਲਿਜਾਣ ਦੀ ਅਪੀਲ ਕਰਦਾ ਰਹਿੰਦਾ ਹੈ ਜਿਸ ਨਾਲ ਅਸੀਂ ਬਹੁਤ ਸਾਰੇ ਘਰਾਂ ਵਿੱਚ ਇੱਕ ਤਾਂ ਸਿੱਖੀ ਲਿਟਰੇਚਰ ਪੁਚਾਉਣ ਵਿੱਚ ਕਾਮਯਾਬ ਹੋਏ ਹਾਂ, ਅਤੇ ਉਨਾਂ ਘਰਾਂ ਵਿੱਚੋ ਪੰਜਾਬੀ, ਸੰਗੀਤ ਸਿਖਣ ਲਈ ਕਲਾਸਾ ਵਿੱਚ ਬੱਚੇ ਆ ਰਹੇ ਹਨ ਤੇ ਇਹ ਸੁਸਾਇਟੀ ਦੇ ਰਹਿੰਦੇ ਕਾਰਜਾਂ ਲਈ ਮਾਇਕ ਸਹਾਇਤਾ ਵੀ ਕਰਦੇ ਹਨ । ਇਸ ਲਈ ਮੈਨੂੰ ਲਗਦਾ ਹੈ ਕਿ ਇਹ ਨਵੀ ਬਿਲਡਿੰਗ ਸਿੱਖੀ ਪ੍ਰਚਾਰ ਲਈ ਕਾਫ਼ੀ ਲਾਹਿਵੰਦ ਸਾਬਿਤ ਹੋ ਰਹੀ ਹੈ।ਨਵੀ ਪੀੜੀ ਨੂੰ ਸਿੱਖ ਧਰਮ ਤੋਂ ਜਾਣੂ ਕਰਵਾਉਣ ਵਾਸਤੇ ਗਿਆਨੀ ਨਿਰਮਲ ਜੀਤ ਸਿੰਘ ਘਰਾਂ ਵਿੱਚ ਪੰਜਾਬੀ ਅਤੇ ਅੰਗਰੇਜੀ ਵਿੱਚ ਕਥਾ ਕਰਦੇ ਹਨ। ਅਤੇ ਘਰਾਂ ਵਿੱਚ ਲਿਟਰੇਚਰ ਦੇ ਸਟਾਲ ਵੀ ਲਗਾਏ ਜਾਂਦੇ ਹਨ।

## ਬਿਲਡਗਿ ਦੀ ਉਸਾਰੀ

ਬਿਲਡਿੰਗ ਦੇ ਉਦਘਾਟਨ ਤੋ ਬਾਅਦ ਕੁਝ ਕੰਮ ਮੇਰੇ ਆਉਣ ਤੋ ਪਹਿਲਾਂ ਹੀ ਰੁਕੇ ਪਏ ਸੀ, ਅਤੇ ਕਿਸੇ ਖਾਸ ਕਾਰਨ ਤੋ ਬਗੈਰ ਬਿਲਡਰ ਪਹਿਲੇ ਸੈਕਟਰੀ ਅਤੇ ਮੈਨੂੰ ਵੀ ਲਾਰੇ ਲੱਪੇ ਲਾਉਂਦਾ ਰਿਹਾ ਤੇ ਕੰਮ ਕਰਨ ਦੇ ਬਹਾਨੇ ਤੇ ਬਹਾਨੇ ਲਗਾਈ ਜਾ ਰਿਹਾ ਸੀ ਇਸ ਲਈ ਕਈ ਵਾਰੀ ਮੀਟਿੰਗ ਵਿੱਚ ਵੀ ਵਿਚਾਰ ਕੀਤੀ ਗਈ ਅਤੇ ਸਰਦਾਰ ਮੰਗਲ ਸਿੰਘ ਨੂੰ ਵੀ ਬਿਲਡਰ ਨੂੰ ਕਹਿਣ ਲਈ ਬੇਨਤੀ ਕੀਤੀ ਗਈ।

ਕਾਫੀ ਮਹੀਨਿਆਂ ਦੀ ਮਿਹਨਤ ਤੋ ਬਾਅਦ ਕਮੇਟੀ ਵਿੱਚ ਉਸ ਨੂੰ ਚਿੱਠੀ ਲਿਖ ਕੇ ਕਾਂਟਰੇਕਟ ਦੇ ਮੁਤਾਬਿਕਿ ਬਣੇ ਫਰਜ਼ ਪੂਰੇ ਕਰਨ ਲਈ ਕਿਹਾ ਗਿਆ ਅਤੇ ਅਜਿਹਾ ਨਾ ਕਰਨ ਕਾਰਨ ਸੁਸਾਇਟੀ ਨੂੰ ਹੋ ਰਹੇ ਨੁਕਸਾਨ ਨੂੰ ਪੂਰਾ ਕਰਨ ਲਈ ਲਿਖਿਆ ਗਿਆ ਤਾਂ ਬਿਲਡਰ ਨੇ ਹੇਠ ਲਿਖੇ ਕੰਮ ਸਿਰੇ ਚਾੜ੍ਹੇ।

ਸੈਂਟਰਲ ਹਿਟੰਗ ਲਈ ਪੁਰਾਣੇ ਬੋਇਲਰ ਲਾਹ ਕੇ ਦੋ ਨਵੇਂ ਬੋਇਲਰ ਲਾਏ ਤੇ ਸਾਰੀਆਂ ਮੰਜਲਾ ਦੇ ਵੱਖਰੇ ਵੱਖਰੇ ਤਾਪਮਾਨ ਸੈੱਟ ਕੀਤੇ ਤਾਂ ਕਿ ਗੈਸ ਦਾ ਖਰਚਾ ਲੋੜ ਅਨੁਸਾਰ ਹੋ ਕੇ ਵਧਦੇ ਬਿਲਾ ਨੂੰ ਘਟਾਇਆ ਜਾ ਸਕੇ।

ਸਾਰੀ ਬਿਲਡਿੰਗ ਦੇ ਨਵੇ ਫਾਇਰ ਸੈਸਰ ਤੇ ਬਾਕੀ ਵਾਇਰਿੰਗ ਨੂੰ ਉਵਰਹਾਲ। ਕੀਤਾ ਗਿਆ ਤਾਂ ਜੋ ਸੁਸਾਇਟੀ ਦਾ ਫਾਇਰ ਸਸਿਟਮ ਕਾਨੂੰਨੀ ਨਿਯਮਾਂ ਅਨੁਸਾਰ ਚੱਲੇ।

ਨਵੇ ਹਾਲ ਵਿੱਚ ਅਤੇ ਪੁਰਾਣੀ ਬਿਲਡਿੰਗ ਵਿੱਚ ਨਵੇਂ ਸੀ. ਸੀ ਟੀਵੀ ਕੈਮਰੇ ਲਾਏ ਗਏ ਤੇ ਇਹਨਾਂ ਨੂੰ ਡਿਜੀਟਲ ਡੀ ਵੀ ਆਰ ਨਾਲ ਜੋੜ ਕੇ ਸਾਰੀ ਬਲਿਡਿੰਗ ਨੂੰ ਸੁਰਖਿਅਤ ਬਣਾਉਣ ਲਈ ਮੁਕੰਮਲ ਤਾਰਾਂ, ਕੈਮਰੇ ਅਤੇ ਮਾਨੀਟਰ ਲਾਏ ਗਏ।

ਕਾਰ ਪਾਰਕ ਵਿੱਚ ਨਵੇਂ ਪੋਲ ਲਗਾ ਕੇ ਨਵੇਂ ਸੰਗਲ ਫਿੱਟ ਕੀਤੇ ਗਏ ਤਾ ਜੋ ਕਾਰ ਪਾਰਕ ਨੂੰ ਲੋੜ ਅਨੁਸਾਰ ਸੁਸਾਇਟੀ ਦੀ ਵਰਤੋ ਵਿੱਚ ਲਿਆਂਦਾ ਜਾ ਸਕੇ।

ਸੁਸਾਇਟੀ ਦੇ ਕਿਚਨ ਵਿੱਚ ਗੈਸ ਦੇ ਨਵੇਂ ਬਰਨਰ, ਗੈਸ ਪਾਈਪਾਂ ਦੀ ਸੁਰੱਖਿਅਤਾ, ਨਵੀਆਂ ਟੂਟੀਆਂ ਅਤੇ ਹੋਰ ਕਈ ਲੁੜੀਂਦੇ ਕੰਮ ਕੀਤੇ ਗਏ।

ਪੂਰੀ ਸੁਸਾਇਟੀ ਦਾ ਅਲਾਰਮ ਸਿਸਟਮ ਲਾ ਕੇ ਬਿਲਡਰ ਨੇ ਸਾਨੂੰ ਉਸਦਾ ਬਕਾਇਦਾ ਸਰਟੀਫਕਿਟ ਦਿੱਤੇ ਹਨ

<u>ਲਿਫਟ</u>

ਉਪਰਲੇ ਹਾਲ ਨੂੰ ਜਾਣ ਵਾਲੀ ਲਿਫਟ ਬਾਰੇ ਮੇਰੇ ਤੋਂ ਪਹਿਲਾ ਵੀ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਉਹ ਨੇਪਰੇ ਨਾ ਚੜੀਆ। ਦਾਸ ਨੇ ਆ ਕੇ ਲਿਫਟ ਕੰਪਨੀ ਨਾਲ਼ ਗੱਲਬਾਤ ਕੀਤੀ ਅਤੇ ਕੰਪਨੀ ਨੂੰ ਸਾਲ ਪਹਿਲਾਂ ਵਾਲੀ ਕੀਮਤ ਤੇ ਹੀ ਰਾਜੀ ਕਰ ਲਿਆ ਇਸ ਕੰਮ ਲਈ ਵੀ ਸੁਸਾਇਟੀ ਲਿਫਟ ਕੰਪਨੀ ਨੂੰ £13000 + ਦੇ ਚੁੱਕੀ ਹੈ ਅਤੇ ਬਾਕੀ £8000+ ਲਿਫਟ ਲੱਗੀ ਤੇ ਦੇਣੇ ਹਨ। ਲਿਫਟ ਤਾਂ 19 ਸਿਤੰਬਰ ਨੂੰ ਲੱਗ ਜਾਣੀ ਸੀ ਪਰ ਬਿਲਡਰ ਦੇ ਫਾਰਮ ਲੇਟ ਭੇਜਣ ਕਰਕੇ ਸ਼ਾਇਦ ਥੋੜੀ ਲੇਟ ਹੋ ਜਾਵੇ।

ਗੁਰੁ ਨਾਨਕ ਦੇਵ ਜੀ ਦਾ ਨਗਰ ਕੀਰਤਨ

ਕਿਓਂਕਿ ਕਰੋਨਾ ਦੇ ਹਲਾਤਾਂ ਕਰਕੇ ਨਾਂ ਤਾਂ ਨਗਰ ਕੀਰਤਨ ਹੀ ਹੋ ਰਿਹਾ ਸੀ ਤੇ ਨਾਂ ਪਹਿਲਾਂ ਵਾਂਗ ਧੂਮ ਧਾਮ ਨਾਲ ਗੁਰੂ ਨਾਨਕ ਦਾ ਸੰਦੇਸ਼ ਜਾ ਰਿਹਾ ਸੀ।

ਇਸ ਨੂੰ ਮੱਦੇ ਨਜਰ ਰੱਖਦੇ ਹੋਏ ਸਿੱਖ ਮਿਸ਼ਨਰੀ ਸੁਸਾਇਟੀ ਦੀ ਕਮੇਟੀ ਅਤੇ ਬਲਵਿੰਦਰ ਸਿੰਘ ਪੱਟੀ ਦੀ ਕੋਸ਼ਿਸ਼ ਨਾਲ ਨਵੇਂ ਹਾਲ ਵਿੱਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਸ੍ਰੀ ਫਤਿਹਗੜ ਸਾਹਿਬ ਤੋਂ ਸਿੱਖ ਕੌਮ ਦੇ ਸਿਰਮੌਰ ਕਥਾਕਾਰ ਗਿਆਨੀ ਹਰਪਾਲ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਅਤੇ ਨਾਲ ਹੀ ਦਸਤਾਰ ਧਾਰੀ ਸਿੱਖ ਲਿਖਾਰੀ ਅਤੇ ਗਵਈਏ ਬੀਰ ਸਿੰਘ ਨੂੰ ਬੇਨਤੀ ਕੀਤੀ ਗਈ ਜੋ ਇਹਨਾਂ ਨੇ ਸਵੀਕਾਰ ਕਰਕੇ ਇਕ ਵੱਡਾ ਪ੍ਰੋਗਰਾਮ ਹੋਇਆ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰੂ ਜੀ ਦਾ ਅਸ਼ੀਰਵਾਦ ਲੈਣ ਤੋਂ ਬਾਅਦ ਗਿਆਨੀ ਬਲਵਿੰਦਰ ਸਿੰਘ ਜੀ ਨੇ ਕੀਰਤਨ ਕੀਤਾ, ਫਿਰ ਗਿਆਨੀ ਹਰਪਾਲ ਸਿੰਘ ਜੀ ਨੇ ਗੁਰੂ ਜੀ ਦੀ ਫਿਲਾਸਫੀ ਦੀ ਡੂੰਘੀ ਵਿਚਾਰ ਕੀਤੀ ਜਿਸ ਨਾਲ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ। ਉਸ ਤੋਂ ਬਾਅਦ ਸਾਡੇ ਨੌਜਵਾਨ ਸਿਤਾਰੇ ਨੇ ਧਾਰਮਿਕ ਗੀਤ ਗਾਏ ਅਤੇ ਫੇਰ ਗੁਰੂ ਕਾ ਲੰਗਰ ਛਕਾਇਆ ਗਿਆ।

ਇਹ ਪ੍ਰੋਗਰਾਮ ਬਹੁਤ ਹੀ ਵਧੀਆ ਅਤੇ ਕਾਮਯਾਬ ਹੋ ਨਿਬੜਿਆ

ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ

ਇਸ ਸਾਲ ਨਗਰ ਕੀਰਤਨ ਨਾ ਹੋਣ ਕਰਕੇ ਸੁਸਾਇਟੀ ਦੇ ਸੇਵਾਦਾਰਾਂ ਨੇ ਨੌਰਵੁਡ ਹਾਲ ਵਿੱਚ ਚੱਲ ਰਹੇ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਸੁਸਾਇਟੀ ਵੱਲੋਂ ਉਸ ਪ੍ਰੋਗਰਾਮ ਦੇ ਸੰਚਾਲਕਾਂ ਨੂੰ 500 ਪੌਂਡ ਦੀ ਭੇਟਾ ਵੀ ਕੀਤੀ।

ਰਾਣੀ ਦੀ ਡਾਇਮੰਡ ਜੁਬਲੀ

ਇਸ ਸਾਲ ਰਾਣੀ ਦੀ ਡਾਇਮੰਡ ਜੁਬਲੀ ਵਿੱਚ ਸਾਊਥਾਲ ਵਿੱਚ ਸਾਰੀਆਂ ਕਮਿਊਨਿਟੀਆਂ ਨੇ ਮਿਲਕੇ ਔਸਵਾਲਡ ਰੋਡ ਬੰਦ ਕਰਕੇ ਬਹੁਤ ਵੱਡਾ ਗੀਤ ਸੰਗੀਤ ਦਾ ਰੋਡ ਸ਼ੋਅ ਕੱਢਿਆ। ਉਸ ਕਮੇਟੀ ਵਿੱਚ ਦਾਸ ਦੀ ਵੀ ਸ਼ਮੂਲੀਅਤ ਸੀ ਅਤੇ ਉਥੇ ਦਾਸ ਨੇ ਜਿੱਥੇ ਗੁਰੂ ਨਾਨਕ ਦਾ ਸੰਦੇਸ਼ ਬਾਕੀ ਸੰਗਤਾਂ ਨੂੰ ਸਟੇਜ ਤੋਂ ਸੁਣਾਇਆ ਉਥੇ ਸੁਸਾਇਟੀ ਵੱਲੋਂ ਵੀ ਉਸ ਪ੍ਰੋਗਰਾਮ ਦੇ ਸੰਚਾਲਕਾਂ ਨੂੰ 250 ਪੌਂਡ ਦੀ ਰਾਸ਼ੀ ਭੇਟ ਕੀਤੀ ਗਈ।

ਸੁਸਾਇਟੀ ਦੇ ਅਹੁਦੇਦਾਰਾਂ ਨੂੰ ਰਾਣੀ ਦੀ ਡਾਇਮੰਡ ਜੁਬਲੀ ਮਨਾਉਣ ਵਾਲੀ ਕਮੇਟੀ ਨੇ ਸ਼ੀਲਡ ਅਤੇ ਰਾਣੀ ਮੈਡਲ ਨਾਲ ਨਿਵਾਜਿਆ

**ਪੰਜਾਬੀ ਕਲਾਸਾਂ**

ਕਰੋਨਾ ਕਾਲ ਕਰਕੇ ਸੁਸਾਇਟੀ ਵਿੱਚ ਸਾਰੀਆ਼ ਪੰਜਾਬੀ ਕਲਾਸਾ਼ ਬੰਦ ਹੋ ਗਈਆ਼ ਸਨ।
ਇਹ ਕਲਾਸਾ਼ ਫੇਰ ਸੁਰੂ ਕਰ ਦਿਤੀਆ਼ ਹਨ।
ਇਹਨਾ ਵਿਚ ਪੜਾਉਣ ਵਾਲੇ ਸਾਰੇ ਅਧਿਆਪਕ : ਕਿਰਪਾਲ ਸਿੰਘ, ਬਨਿਵੰਤ ਕੋਰ, ਸੁਰਦੀਪ ਸਿੰਘ, ਸੁਰਿੰਦਰ ਕੋਰ, ਰਣਜੋਧ ਕੌਰ 6pm - 7.30pm ਫਰੀ ਸੇਵਾ ਕਰ ਰਹੇ ਹਨ ਇਹ ਕਲਾਸ ਸੁਕਰਵਾਰ ਲਗਦੀ ਹੈ
ਇਸੇ ਦਿਨ ਹੀ ਗੁਰਬਾਣੀ ਸੰਥਿਆ ਦੀ ਕਲਾਸ ਵੀ ਲਗਦੀ ਹੈ ਤੇ ਸੰਥਿਆ ਲੈਣ ਵਾਲੇ ਵਿਦਿਆਰਥੀਆ ਨੂੰ ਬੀਬੀ ਨਿਰਮਲ ਕੌਰ ਸੰਥਿਆ ਦੇ ਰਹੇ ਹਨ।
ਬੁਧਵਾਰ - ਸੰਗੀਤ ਅਤੇ ਤਬਲਾ ਦੀਆ ਲਾਸਾ ਵਿੱਚ ੨੦ ਕੁ ਵਿਦਿਆਰਥੀ ਲਾਹਾ ਲੈ ਰਹੇ ਹਨ।
ਇਹ ਕਲਾਸਾ ਦੀ ਸੇਵਾ ਭਾਈ ਜੀਵਨ ਸਿੰਘ ਅਤੇ ਭਾਈ ਤਰਸੇਮ ਸਿੰਘ ਕਰਦੇ ਹਨ ਇਹਨਾ ਦੋਵਾ਼ ਨੂੰ ਸੁਸਾਇਟੀ ਵੱਲੋ਼ ਵਾਜਿਬ ਮਾਲੀ ਸਹਾਇਤਾ ਦਿੱਤੀ ਜਾ਼ਦੀ ਹੈ।
ਨੌਜਵਾਨ ਨਵਜੋਤ ਸਿੰਘ ਬਾਗੜੀ ਵੀ ਨਿਸ਼ਕਾਮ ਸੇਵਾ ਨਿਭਾਅ ਰਹੇ

**ਲੋਨ**

ਸਾਲ ਦੇ ਸੁਰੂ ਵਿੱਚ ਸੁਸਾਇਟੀ ਦੇ ਕੁਝ ਗੁਰਸਿੱਖਾ਼ ਤੋ਼ ਬਿਲਡਿੰਗ ਮੁਕੰਮਲ ਕਰਨ ਲਈ £85000.00 ਦਾ ਲੋਨ ਲਿਆ ਸੀ ਆਪ ਸਭ ਵੀਰਾ਼ ਅਤੇ ਸੁਸਾਇਟੀ ਦੇ ਸੁਭਚਿੰਤਕਾ਼ ਦੇ ਉਪਰਾਲੇ ਸਦਕਾ ਬਿਲਡਿੰਗ ਦੇ ਵੱਡੇ ਕੰਮ ਕਰਵਾਉਣ ਦੇ ਬਾਵਜੂਦ ਵੀ ਆਪਾ਼ £45000.00 ਵਾਪਸਿ ਕਰ ਚੁਕੇ ਹਾ਼ ਅਤੇ ਪਰਮਾਤਮਤਾ ਦੀ ਮੇਹਰ ਸਦਕਾ ਬਾਕੀ £40000.00 ਵੀ ਅਗਲੇ ਸਾਲ ਦੇਣ ਦਾ ਟੀਚਾ ਮਿਥਿਆਹੈ।

**ਗੁਰਬੱਖਸ਼ ਸਿੰਘ ਦੀ ਸੁਪਤਨੀ ਦਾ ਅਕਾਲ ਚਲਾਨਾ**

ਸਾਡੀ ਸੁਸਾਇਟੀ ਦੇ ਮੁਢਲੇ ਸੰਚਾਲਕ ਸਰਦਾਰ ਗੁਰਬੱਖਸ਼ ਦੀ ਸੁਪਤਨੀ ਅਕਾਲ ਚਲਾਣਾ ਕਰ ਗਏ ਸਨ ।ਉਹਨਾ ਦੇ ਭੋਗ ਤੇ ਸੁਸਾਇਟੀ ਵੱਲੋ ਹਰਬੰਸ ਸਿੰਘ ਕੁਲਾਰ, ਗੁਰਬਚਨ ਸਿੰਘ ਅਠਵਾਲ, ਅਤੇ ਤੇਜਾ ਸਿੰਘ ਮਾਂਗਟ ਗਏ ਸਨ। ਸਰਦਾਰ ਗੁਰਬੱਖਸ਼ ਸਿੰਘ ਨੇ ਸੁਸਾਇਟੀ ਨੂੰ £10000.00 ਦਾ ਚੈਕ ਦਿੱਤਾ ਜਿਸ ਤੇ ਦਾਸ ਵੱਲੋ ਉਹਨਾ ਨੂੰ ਬਹੁਤ ਧੰਨਵਾਦ ਸਹਿਤ ਪੱਤਰ ਲਿਖਿਆ ਗਿਆ ਜਿਸ ਵਿੱਚ ਉਹਨਾ ਵੱਲੋ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।

**ਅਹੁਦੇਦਾਰਾਂ ਦੇ ਅਸਤੀਫੇ**

ਸ਼ਾਡੇ ਦੋ ਅਹੁਦੇਦਾਰ ਸਰਦਾਰ ਗੁਰਬਚਨ ਸਿੰਘ ਅਠਵਾਲ ਅਤੇ ਸਰਦਾਰ ਹਰਬੰਸ ਸਿੰਘ ਕੁਲਾਰ ਸੁਸਾਇਟੀ ਦੀ ਐਕਜੈਕਟਿਵ ਕਮੇਟੀ ਦੀ ਸਲਾਹ ਨਾਲ ਸ੍ਰੀ ਗੁਰੁ ਸਿੰਘ ਸਭਾ ਦੀ ਇਲੈਕਸ਼ਨ ਵਿੱਚ ਖਲੋਣ ਲਈ ਅਸਤੀਫੇ ਦੇ ਚੁਕੇ ਹਨ । ਮੈ ਬਾਕੀ ਕਮੇਟੀ ਮੈਬਰਾਂ ਦੀ ਸਲ੍ਹਾਹ ਨਾਲ ਹੋਰ ਸੇਵਾਦਾਰਾਂ ਨੂੰ ਆਉਣ ਦੀ ਬੇਨਤੀ ਕਰਾਂਗਾ

**<u>ਮੈਂਬਰ ਸ਼ਿਪ ਅਤੇ ਆਫਿਸ ਦੇ ਕੰਮ</u>**

ਸੁਸਾਇਟੀ ਦੀ ਲਾਈਫ ਮੈਂਬਰਸ਼ਿਪ ਲਈ ਕੇਵਲ 50 ਪੌਡ ਲਏ ਜਾਂਦੇ ਹਨ।
ਹੁਣ ਤੱਕ 1470 ਮੈਂਬਰ ਹਨ ਤੇ 70 ਦੇ ਕਰੀਬ ਬਾਹਰਲੇ ਦੇਸ਼ਾਂ ਦੇ ਹਨ।

ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੇ ਕਿ ਆਪਣਾ ਪੋਸਟ ਕੋਡ ਸਮੇਤ ਮੌਜੂਦਾ ਪਤਾ ਤੇ ਈਮੇਲ ਐਡਰੈਸ ਸੁਸਾਇਟੀ ਦੀ ਈਮੇਲ ਉੱਤੇ ਭੇਜਣ ਦੀ ਕਿਰਪਾਲਤਾ ਕਰਨ।

**ਅਕਾਊਟਸ**

ਅਕਾਊਟਸ ਦੀ ਸੇਵਾ ਸਰਦਾਰ ਬਲਦੇਵ ਸਿੰਘ ਭਮਰਾ ਨੇ ਬਹੁਤ ਮਿਹਨਤ ਨਾਲ ਕੀਤੀ ਅਤੇ ਅੱਗੇ ਵੀ ਇਸੇ ਤਰ੍ਹਾਂਕਰਨਗੇ।

**ਅੰਦਰੂਨੀ ਆਡੀਟਰ**

ਇਹੇ ਸੇਵਾ: ਲਾਲ ਸਿੰਘ ਰਾਏ ਨਿਭਾਅ ਰਹੇ ਹਨ।

## ਜਰੂਰੀ ਬੇਨਤੀ

**ਸਿੱਖੀ ਦੇ ਪ੍ਰਚਾਰ ਲਈ ਘੱਟ ਤੋਂ ਘੱਟ ਇਕ ਸੁਸਾਇਟੀ ਦਾ ਮੈਂਬਰ ਬਣਾਓ ਜੀ। ਮੈਂਬਰਸ਼ਿਪ ਫਾਰਮ ਵੈਬਸਾਈਟ ਤੋਂ ਲੈ ਸਕਦੇ ਹੋ ਜੀ।**

## SERVICES AT MATA SAHIB KAUR HALL

| | |
|---|---|
| Kurmai in Hall | £400.00 |
| AKHAND PATH IN THE HALL | £750.00 |
| AKHAND PATH AT HOME | £575.00 |
| SEHAJ PATH IN THE HALL | £525.00 |
| SEHAJ PATH AT HOME | £475.00 |
| SUKHMANI SAHIB PATH IN THE HALL | £350.00 |
| SUKHMANI SAHIB PATH AT HOME | £250.00 |

**Conditions for the use of Mata Sahib Kaur Hall**

1. Each programe to be carried out in a spirit of service and care
2. Furniture in the hall is to be treated with sense of respect
3. Children to be accompanied by their parents and kept under control
4. A non-refundable deposit of £100.00 at the time of booking
5. LANGER/TEA/DRINKS of any kind should not be taken in the Mata Sahib Kaur Hall
6. Before the family leaves the premises, the kitchen should be thoroughly cleaned after use including floor, cookers, Sinks and utensils etc.
7. Used cooking oil should not be disposed off either in the sink or in the drain
8. Toilets and washing material to be provided by the booking family

***Sewadars of the Sikh Missionary Society***

# THE SIKH MISSIONARY SOCIETY

# 8-10 FEATHERSTONE ROAD,

# SOUTHALL, MIDDLESEX, UB2 5AA

# REPORT AND ACCOUNTS

# FOR THE YEAR ENDED 31ST MARCH 2022

# EXECUTIVE COMMITTEE'S CERTIFICATE

EXECUTIVE COMMITTEE'S CERTIFICATE

We certify that the books, vouchers and information produced to our accountants, from which the attached accounts have been prepared, contain a full and correct record of our business transactions to the best of our knowledge.

__________ Mr Baldev Singh Bhambra - Treasurer

__________ Mr Avtar Singh Buttar - General Secretary

__________ Mr Kuldip Singh - External Auditor

__________ Mr Lal Singh Rai - Internal auditor

**THE SIKH MISSIONARY SOCIETY**
**10 FEATHERSTONE ROAD**
**SOUTHALL MIDDLESEX.UB2 5AA.**

**INCOME AND EXPENDITURE ACCOUNT FOR THE YEAR ENDED 31 MARCH 2022**

| | 2022 | | 2021 | |
|---|---|---|---|---|
| | £ | £ | £ | £ |
| **Income** | | | | |
| Books | | 20,779 | | 8,910 |
| Artefacts,Turbans and Kasheras | | 16,350 | | 8,591 |
| Opening stocks | 15,650 | | 18,750 | |
| Books | 2,513 | | 6,881 | |
| Artefacts,Turbans and Kasheras | 4,320 | | 2,645 | |
| | 22,483 | | 28,276 | |
| Closing stocks | 13,580 | | 15,650 | |
| | | 8,903 | | 12,626 |
| **Gross profit** | | 28,226 | | 4,875 |
| Bank interest receivable | | 64 | | 701 |
| Donations and Building Fund | | 112,882 | | 84,217 |
| Tax refund | | 9,552 | | 13,769 |
| Grants receivable | | 8,022 | | 31,512 |
| **Total income** | | 158,746 | | 135,074 |
| **Administration expenses:** | | | | |
| Light , heat and water rates | 21,084 | | 2,625 | |
| Repairs & Security maintenance | - | | 6,077 | |
| Building Hygiene | 3,683 | | 1,427 | |
| General wages | 35,977 | | 32,537 | |
| Recruitment & training | 675 | | - | |
| Covid project | 3,737 | | 4,090 | |
| Insurance | 1,800 | | 2,655 | |
| Postage and stationary | 2,179 | | 1,494 | |
| Pingal wara | 400 | | (400) | |
| SMS activities | - | | 75 | |
| Telephone | 1,026 | | 1,590 | |
| Bank charges | 144 | | 75 | |
| Depreciation | 5,397 | | 1,064 | |
| | | 76,102 | | 53,309 |
| **Total expenses** | | 76,102 | | 53,309 |
| **Net income for the year** | £ | 82,644 | £ | 81,765 |

## THE SIKH MISSIONARY SOCIETY
## 10 FEATHERSTONE ROAD
## SOUTHALL. MIDDLESEX.UB2 5AA.

## BALANCE SHEET AT 31 MARCH 2022

| | Note | 2022 £ | £ | 2021 £ | £ |
|---|---|---|---|---|---|
| **Fixed assets:** | | | | | |
| Tangible assets | 1 | | 1,226,570 | | *1,143,570* |
| **Current assets:** | | | | | |
| Stock | | 13,580 | | *15,650* | |
| Cash at bank | | 104,067 | | *62,247* | |
| Cash in hand | | 28 | | *115* | |
| | | 117,675 | | *78,012* | |
| **Current liabilities:** | | | | | |
| Other creditors | | 520 | | - | |
| Loans | | 70,000 | | *30,501* | |
| | | 70,520 | | *30,501* | |
| **Net current assets** | | | 47,155 | | *47,511* |
| | | | £ 1,273,725 | | *£ 1,191,081* |
| **Capital:** | | | | | |
| At 1 April 2021 | | | 1,191,081 | | *1,109,316* |
| Net income | | | 82,644 | | *81,765* |
| | | | 1,273,725 | | *1,191,081* |
| | | | £ 1,273,725 | | *£ 1,191,081* |

**THE SIKH MISSIONARY SOCIETY**
**10 FEATHERSTONE ROAD**
**SOUTHALL MIDDLESEX.UB2 5AA.**

## NOTES TO THE ACCOUNTS AT 31 MARCH 2022

1. TANGIBLE FIXED ASSETS

| | Land and Buildings £ | Equipment £ | Total £ |
|---|---|---|---|
| **Cost** | | | |
| At 1 April 2021 | 1,140,081 | 35,490 | 1,175,571 |
| Additions | 68,791 | 19,606 | 88,397 |
| At 31 March 2022 | 1,208,872 | 55,096 | 1,263,968 |
| **Depreciation** | | | |
| At 1 April 2021 | - | 32,001 | 32,001 |
| For the year | - | 5,397 | 5,397 |
| At 31 March 2022 | - | 37,398 | 37,398 |
| **Net Book Amounts** | | | |
| At 31 March 2022 | £ 1,208,872 | £ 17,698 | £ 1,226,570 |
| At 31 March 2021 | £ 1,140,081 | £ 3,489 | £ 1,143,570 |

ੴ ਵਾਹਿਗੁਰੂ ਜੀ ਕੀ ਫਤਹਿ॥

(God is one all glory to Him)

# ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)

# THE SIKH NATIONAL RESOURCE CENTRE

Phone: 020 8574 1902 Charity Registration No: 262404

## Application for Trustee

Title............ Forenames....................................... Su.......................

Full Address .......................................................................................

Town ..................................................... Post C.......................

Telephone ............................................. obile ..........................

E-mail .................................................

Dear Gen. Secretary

Mr/Mrs/Miss ..................................................... r the position of

Trustee of The Sikh Missiona ociety for the te 2 - 2024

I can confirm that I fu l the r ments of the co ion as outlined on the reverse of the nom n form

Proposed By ... nded by

Name ............................................ Name ..................................................

Address ......................................... Address ...............................................

.................................................... ..........................................................

I confirm that I have no chargeable offence, bankruptcy in the last five years continuously. I understand I will be required to undergo a DBS checks.

Signature ....................................................... Date ....................................

Completed application should reach Society by 6.00pm 30th September 2022

VOID

## A List of Sikh Missionary Society's Publications

All these books except those marked* are for the free distribution to individuals.

1. Introduction to Sikhism
2. Guru Nanak (for children)
3. The Guru's way (for children)
4. In the Guru's footsteps (for children)
5. Guru Arjan, the Apostle of Peace
6. The Sikh Symbols
7. The Sikh Bangle - Unavailable
8. A Spur to the Sikh Youth
9. Why I am a Sikh -Unavailable
10. Rehni Rahe Soi Sikh Mera (Panjabi) - Unavailable
11. The Gurdwara (The Sikh Temple)
12. The Saint-Soldier
13. Punjabi Teacher through English Medium - Unavailable
14. Glimpses of Sikhism
15. The Sikh Marriage Ceremony
16. The Supreme Sacrifice of Guru Tegh Bahadur
17. The Sikh Women
18. The Turban and the Sword of the Sikhs
19. The Teachings of Guru Amardas

*20. The Sikhs and their Way of Life. - (Unavailable)
*21. Sacha Guru (Panjabi) - (Unavailable)
*22. Panjabi for Beginners through English – (Unavailable)
23. 'A' Level Panjabi
*24. The Turban Victory
25. Varan Bhai Gurdas
*26. The Sikh Ideology
27. Sada Gurbani Kirtan
28. Panjabi and Sikh Studies (GCSE Level)
29. Vaisakhi
30. Introduction to Guru Granth Sahib
31. Sikh Religion and Hinduism
32. Sikh Religion and Hair
33. Dasam Granth Vernan te Vichar (Panjabi)
34. Hum Hindu Nahi (Panjabi)
35. Bharat De Pachhre Vargo
36. Guru Tegh Bahadur (The True Story)
37. Camper's Book

ੴ ਵਾਹਿਗੁਰੂ ਜੀ ਕੀ ਫਤਹਿ ॥
(God is one all glory to him)
ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)

# THE SIKH MISSIONARY SOCIETY U.K. (Regd)

8–10 FEATHERSTONE ROAD SOUTHALL, MIDDLESEX, UB2 5A
Web: www.sikhmissionarysociety.org e/mail: info@sikhmissionarysociety.org
Phone : 020 8574 1902 Charity Registration No 2624

To

Dear Life Member of Sikh Missionary Society

We have an executive committee meeting last month and owing to your past services toward our charity, we decided to put forward following names in the dispute committee of Sikh Missionary Society as per your prior permission to serve our community.

We look forward to your valuable services to the charity onward.

1.Mr Balkar Singh Dhillon

2.Mr Karamjit Singh Khehra

3.Balbir Singh Sandhawalia

4.Mr Amar Singh Sandhu
5.MR SURINDER SINGH PUREWAL
03/05/2023

ੴ ਵਾਹਿਗੁਰੂ ਜੀ ਕੀ ਫਤਹਿ॥
(God is one all glory to Him)

# ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)




## THE NATIONAL SIKH RESOURCE CENTRE

8-10 FEATHERSTONE ROAD, SOUTHALL, MIDDLESEX, UB2 5AA
T: 020 8574 1902
E: info@sikhmissionarysociety.org
www. sikhmissionarysociety.org